## ਪਾਠ-25 ਜਮਾਤ-ਛੇਵੀਂ

## ਭਾਰਤ ਰਤਨ:-ਡਾ.ਭੀਮ ਰਾਓ ਅੰਬੇਦਕਰ (ਜੀਵਨੀ) ਡਾ.ਹਰਨੇਕ ਸਿੰਘ ਕਲੇਰ

(ਤਿਆਰ ਕਰਤਾ:ਸ.ਜਸਪਾਲ ਸਿੰਘ,ਪੰਜਾਬੀ ਮਾਸਟਰ,ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ ਜ਼ਿਲ੍ਹਾ ਗੁਰਦਾਸਪੁਰ।(9417606006)

1 ਪ੍ਰਸ਼ਨ:-ਡਾ.ਭੀਮ ਰਾਓ ਅੰਬੇਦਕਰ ਦਾ ਜਨਮ ਕਿਸ ਪ੍ਰਦੇਸ਼ ਵਿੱਚ'ਤੇ ਕਦੋਂ ਹੋਇਆ ਸੀ ?

ਉੱਤਰ:- ਡਾ.ਭੀਮ ਰਾਓ ਅੰਬੇਦਕਰ ਦਾ ਜਨਮ 14 ਅਪਰੈਲ,1891 ਈਸਵੀ ਨੂੰ ਬੜੌਦਾ ਰਿਆਸਤ ਦੀ ਛਾਉਣੀ ਮਹੂ (ਮੱਧ ਪ੍ਰਦੇਸ਼) ਵਿੱਚ ਹੋਇਆ ਸੀ।

2 ਪ੍ਰਸ਼ਨ:- ਭੀਮ ਰਾਓ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?

ਉੱਤਰ:- ਡਾ.ਭੀਮ ਰਾਓ ਦੀ ਮਾਤਾ ਦਾ ਨਾਂ ਭੀਮਾ ਬਾਈ ਅਤੇ ਪਿਤਾ ਦਾ ਨਾਂ ਰਾਮ ਜੀ ਸੀ।

3 ਪ੍ਰਸ਼ਨ:- ਭੀਮ ਰਾਓ ਨੇ ਪੰਜਵੀਂ ਤੇ ਦਸਵੀਂ ਜਮਾਤ ਕਿੱਥੋਂ ਪਾਸ ਕੀਤੀ ?

ਉੱਤਰ:- ਭੀਮ ਰਾਓ ਨੇ ਪੰਜਵੀਂ ਜਮਾਤ ਸਤਾਰਾ ਦੇ ਕੈਂਪ ਸਕੂਲ ਤੋਂ ਅਤੇ ਦਸਵੀਂ ਜਮਾਤ ਅਲਫਿੰਸਟੋਨ ਹਾਈ ਸਕੂਲ ਮੁੰਬਈ ਤੋਂ ਪਾਸ ਕੀਤੀ।

4 ਪ੍ਰਸ਼ਨ:- ਅਧਿਆਪਕ ਭੀਮ ਰਾਓ ਨੂੰ ਪਿਆਰ ਕਿਉਂ ਕਰਦੇ ਸਨ ?

ਉੱਤਰ:- ਭੀਮ ਰਾਓ ਦੀ ਪੜ੍ਹਾਈ ਵਿੱਚ ਲਗਨ ਅਤੇ ਉਸਦੇ ਮਿੱਠ-ਬੋਲੜੇ ਤੇ ਹਸਮੁਖ ਸੁਭਾਅ ਕਰਕੇ ਸਾਰੇ ਅਧਿਆਪਕ ਉਸ ਨੂੰ ਪਿਆਰ ਕਰਦੇ ਸਨ।

5 ਪ੍ਰਸ਼ਨ:- ਭੀਮ ਰਾਓ ਨੂੰ ਵਜ਼ੀਫ਼ਾ ਪ੍ਰਾਪਤ ਕਰਨ ਲਈ ਕੀ ਕਰਨਾ ਪਿਆ ਸੀ ?

ਉੱਤਰ:- ਭੀਮ ਰਾਓ ਨੂੰ ਵਜ਼ੀਫ਼ਾ ਪ੍ਰਾਪਤ ਕਰਨ ਲਈ ਬੜੌਦਾ ਰਿਆਸਤ ਦੇ ਮਹਾਰਾਜਾ ਸੀਆ ਜੀ ਗਾਇਕਵਾੜ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ ਪਏ।ਭੀਮ ਰਾਓ ਨੇ ਸਾਰੇ ਪ੍ਰਸ਼ਨਾਂ ਦੇ ਸਹੀ ਉੱਤਰ ਦਿੱਤੇ ਜਿਸ ਕਰਕੇ ਉਸ ਨੂੰ ਬੜੌਦਾ ਰਿਆਸਤ ਵੱਲੋਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਵਜ਼ੀਫ਼ਾ ਪ੍ਰਾਪਤ ਹੋਇਆ।

6 ਪ੍ਰਸ਼ਨ:-ਅਮਰੀਕਾ ਵਿੱਚ ਭੀਮ ਰਾਓ ਦਾ ਜੀਵਨ ਕਿਹੋ-ਜਿਹਾ ਸੀ ?

ਉੱਤਰ:- ਅਮਰੀਕਾ ਵਿੱਚ ਭੀਮ ਰਾਓ ਦਾ ਜੀਵਨ ਬੜਾ ਸਾਦਾ ਜਿਹਾ ਸੀ।ਆਮ ਕਰਕੇ ਉਹ ਦਿਨ ਵਿੱਚ ਇੱਕ ਕੱਪ ਚਾਹ ਤੇ ਡਬਲਰੋਟੀ ਖਾ ਕੇ ਗੁਜ਼ਾਰਾ ਕਰ ਲੈਂਦੇ ਸਨ।

7 ਪ੍ਰਸ਼ਨ:- ਡਾ.ਭੀਮ ਰਾਓ ਨੇ ਪੀਪਲਜ਼ ਐਜੂਕੇਸ਼ਨਲ ਸੁਸਾਇਟੀ ਕਿਉਂ ਬਣਾਈ ?

ਉੱਤਰ:- ਲੋਕਾਂ ਨੂੰ ਜਾਗਰੂਕ ਕਰਨ ਅਤੇ ਸਮਾਜ ਵਿੱਚ ਵਿੱਦਿਆ ਦਾ ਦੀਪ ਜਲਾਉਣ ਲਈ ਉਹਨਾਂ ਨੇ 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਬਣਾਈ।

8 ਪ੍ਰਸ਼ਨ:-ਭਾਰਤ ਦਾ ਸੰਵਿਧਾਨ ਕਿਸ ਨੇ ਲਿਖਿਆ ਅਤੇ ਇਹ ਕਦੋਂ ਲਾਗੂ ਹੋਇਆ ?

ਉੱਤਰ:- ਭਾਰਤ ਦਾ ਸੰਵਿਧਾਨ ਡਾ.ਭੀਮ ਰਾਓ ਅੰਬੇਦਕਰ ਨੇ ਲਿਖਿਆ ਅਤੇ ਇਹ 26 ਜਨਵਰੀ,1950 ਈਸਵੀ ਨੂੰ ਲਾਗੂ ਹੋਇਆ।

ਖ਼ਾਲੀ ਥਾਂਵਾਂ ਭਰੋ।

1 ਭੀਮ ਰਾਓ ਦਾ ਪਿੰਡ ਅੰਬਾਵਡੇ ਸੀ।

2 ਅਧਿਆਪਕ ਨੇ ਸਕੂਲ ਦੇ ਰਜਿਸਟਰ ਵਿੱਚ ਭੀਮ ਰਾਓ ਦਾ ਨਾਂ ਅੰਬੇਦਕਰ ਦਰਜ ਕਰ ਦਿੱਤਾ।

3 ਇੱਕ ਅਧਿਆਪਕ ਕਲੂਸਕਰ ਉਹਨਾਂ ਦੀ ਮਦਦ ਕਰਨ ਲਈ ਅੱਗੇ ਆ ਗਏ।

4 ਬੜੌਦਾ ਦੇ ਮਹਾਰਾਜਾ ਸੀਆ ਜੀ ਗਾਇਕਵਾੜ ਨੇ ਭੀਮ ਰਾਓ ਨੂੰ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਭੇਜਿਆ।

5 ਭਾਰਤ ਅਜ਼ਾਦ ਹੋਇਆ ਤਾਂ ਉਹਨਾਂ ਨੂੰ ਪਹਿਲੇ ਕਨੂੰਨ - ਮੰਤਰੀ ਬਣਾਇਆ ਗਿਆ।

ਵਾਕਾਂ ਵਿੱਚ ਵਰਤੋ :

1 ਸੰਘਰਸ਼ (ਜੱਦੋ-ਜਹਿਦ,ਦੌੜ-ਭੱਜ) ਭੀਮ ਰਾਓ ਦਾ ਜੀਵਨ ਸੰਘਰਸ਼ ਭਰਿਆ ਸੀ।

2 ਸਮਾਗਮ (ਸਮਾਰੋਹ,ਉਤਸਵ) ਸਕੂਲ ਵਿੱਚ ਇਨਾਮ ਵੰਡ ਸਮਾਗਮ ਹੋ ਰਿਹਾ ਹੈ।

3 ਹੁਸ਼ਿਆਰ (ਲਾਇਕ,ਬੁੱਧੀਮਾਨ,ਸੂਝਵਾਨ) ਸ਼ਾਲੂ ਬੜੀ ਹੁਸ਼ਿਆਰ ਹੈ।

4 ਨਫ਼ਰਤ (ਘ੍ਰਿਣਾ,ਚੰਗਾ ਨਾ ਲੱਗਣਾ) ਕਿਸੇ ਨਾਲ਼ ਨਫ਼ਰਤ ਨਾ ਕਰੋ।

5 ਸੁਘੜ-ਸਿਆਣੀ ( ਅਕਲਮੰਦ,ਸਮਝਦਾਰ) ਜਸਬੀਰ ਬੜੀ ਸੁਘੜ-ਸਿਆਣੀ ਹੈ।

6 ਛੂਤ-ਛਾਤ (ਭੇਦ-ਭਾਵ,ਵਿਤਕਰਾ) ਭਾਰਤ ਵਿੱਚ ਛੂਤ-ਛਾਤ ਦੀ ਮਨਾਹੀ ਹੈ।

7 ਲੋਅ (ਰੋਸ਼ਨੀ,ਚਾਨਣ,ਪ੍ਰਕਾਸ਼) ਦੀਵੇ ਦੀ ਲੋਅ ਬੜੀ ਮੱਧਮ ਹੈ।